**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ ਨੰ: - 104-106 ਸੈਕਟਰ - 34-ਏ, ਚੰਡੀਗੜ੍ਹ**
ਫੋਨ ਨੰ: 0172-2623207, 2663104 ਵੈਬਸਾਇਟ www.ssapunjab.org

# ਸੱਦਾ ਪੱਤਰ

**1.0** ਮਿਤੀ 18/11/2011 ਨੂੰ ਸ.ਸ.ਸ.ਸ, ਐਸ.ਏ.ਐਸ ਨਗਰ (ਮੋਹਾਲੀ), ਫੇਜ਼ - 3ਬੀ-1 ਵਿਖੇ ਸਰਵ ਸਿੱਖਿਆ ਅਭਿਆਨ ਤਹਿਤ ਖੋਲ੍ਹੇ ਜਾ ਰਹੇ ਸਪੈਸ਼ਲ ਟ੍ਰੇਨਿੰਗ ਸੈਂਟਰਾਂ ਵਿਚ ਸਪੈਸ਼ਲ ਟ੍ਰੇਨਰਜ਼/ਵੰਲਟੀਅਰਜ਼ ਨੂੰ ਤਾਇਨਾਤ ਕਰਨ ਲਈ ਵਾਕ-ਇੰਨ-ਇੰਟਰਵਿਊ ਰੱਖੀ ਗਈ ਸੀ ਜਿਸ ਦੇ ਅਧਾਰ ਤੇ ਕੁੱਲ 607 ਉਮੀਦਵਾਰਾਂ ਵਿਚੋਂ ਯੋਗ ਪਾਏ ਗਏ 502 ਉਮੀਦਵਾਰਾਂ ਦੀ ਦੀ ਸੰਕਲਿਤ ਮੈਰਿਟ ਸੂਚੀ (Consolidated Merit list) ਐਸ.ਐਸ.ਏ ਦੀ ਮੁੱਖ ਵੈਬਸਾਇਟ ssapunjab.org ਤੇ ਪਾ ਦਿੱਤੀ ਗਈ ਹੈ।

**2.0** ਇਹਨਾਂ ਯੋਗ ਉਮੀਦਵਾਰਾਂ ਵਿਚੋਂ ਚੋਣ ਕੀਤੇ ਗਏ 250 ਉਮੀਦਵਾਰਾਂ ਦੀ ਕੈਟਾਗਰੀ ਵਾਈਜ਼ ਸੂਚੀ ਸੈਂਟਰ ਅਲਾਟ ਕਰਨ ਲਈ ਵੇਰਵੇ ਸਹਿਤ ਉੱਕਤ ਵੈਬਸਾਇਟ ਤੇ ਪਾ ਦਿੱਤੀ ਗਈ ਹੈ।

**3.0** ਉਪਰੋਕਤ 250 ਯੋਗ ਉਮੀਦਵਾਰਾਂ ਨੂੰ ਮਿਤੀ 09/12/2011 ਨੂੰ ਸ.ਸ.ਸ.ਸ, ਐਸ.ਏ.ਐਸ ਨਗਰ (ਮੋਹਾਲੀ), ਫੇਜ਼ - 3ਬੀ-1 ਵਿਖੇ ਹੇਠ ਲਿਖੇ Schedule ਅਨੁਸਾਰ ਸੈਂਟਰਾਂ ਦੀ ਵੰਡ ਲਈ ਬੁਲਾਇਆ ਜਾਂਦਾ ਹੈ ਅਤੇ ਇਹ ਸੈਂਟਰਾਂ ਦੀ ਵੰਡ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੀ ਹੋਵੇਗੀ:-

| **ਮਿਤੀ** | **ਸਮਾਂ** | **ਕੈਟਾਗਰੀ** |
|---|---|---|
| 09/12/2011 | ਸਵੇਰੇ 10:00 ਤੋਂ 10:30 ਵਜੇ ਤੱਕ | ਹੈਂਡੀਕੈਪਡ |
| 09/12/2011 | ਸਵੇਰੇ 10:30 ਤੋਂ 11:30 ਵਜੇ ਤੱਕ | ਵਿਧਵਾ ਔਰਤਾਂ |
| 09/12/2011 | ਸਵੇਰੇ 11:30 ਤੋਂ 2:00 ਵਜੇ ਬਾਅਦ ਦੁਪਿਹਰ | ਬਾਕੀ ਮਹਿਲਾ ਉਮੀਦਵਾਰ |
| 09/12/2011 | ਦੁਪਿਹਰ 2:30 ਤੋਂ 4:00 ਵਜੇ | ਬਾਕੀ ਪੁਰਸ਼ ਉਮੀਦਵਾਰ |
| 09/12/2011 | 4:00 ਵਜੇ ਤੋਂ ਸ਼ਾਮ 5:00 ਵਜੇ | ਉਹ ਸਾਰੇ ਉਮੀਦਵਾਰ ਜੋ ਉੱਕਤ ਸਮਾਂ ਸਾਰਨੀ ਅਨੁਸਾਰ ਹਾਜ਼ਰ ਨਹੀ ਹੋ ਸਕੇ ਉਹਨਾਂ ਨੂੰ ਬਾਕੀ ਬਚਦੇ ਸੈਂਟਰਾਂ ਵਿਚੋਂ ਹੀ ਵੰਡ ਕੀਤੀ ਜਾਵੇਗੀ। |

**4.0** ਇਹਨਾਂ 250 ਯੋਗ ਉਮੀਦਵਾਰਾਂ ਤੋਂ ਇਲਾਵਾ ਜਿਨ੍ਹੇ ਵੀ ਹੋਰ ਯੋਗ ਉਮੀਦਵਾਰ ਹਨ ਭਾਵ ਜਿਨ੍ਹਾ ਦਾ ਨਾਂ ਕੁੱਲ ਸੰਕਲਿਤ ਮੈਰਿਟ ਸੂਚੀ (Consolidated Merit list) ਵਿਚ ਹੈ, ਉਹ ਉਮੀਦਵਾਰ ਆਪਣੇ ਪੱਧਰ ਤੇ 250 ਸੈਂਟਰਾਂ ਤੋਂ ਇਲਾਵਾ ਪੰਜਾਬ ਰਾਜ ਦੇ ਕਿਸੇ ਵੀ ਖੇਤਰ ਵਿਚ 7 ਤੋਂ 14 ਸਾਲ ਦੀ ਉਮਰ ਗੁੱਟ ਦੇ ਇੱਕੋ ਹੈਬਿਟੇਸ਼ਨ ਵਿਚ ਭਾਵ ਇੱਕੋ ਜਗ੍ਹਾ ਤੇ ਘੱਟੋ-ਘੱਟ 10 ਸਕੂਲੋਂ ਵਿਰਵੇ ਬੱਚੇ ਸ਼ਨਾਖਤ ਕਰਕੇ ਉਹਨਾਂ ਦੇ ਵਿਸਥਾਰਤ ਵੇਰਵੇ ਮਿਤੀ 12/12/2011 ਨੂੰ ਭਰਤੀ ਸ਼ਾਖਾ ਦਫ਼ਤਰ, SCO No. 130-131, ਸੈਕਟਰ - 34-A ਵਿਖੇ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਪੇਸ਼ ਕਰਦੇ ਹਨ ਤਾਂ ਉਹਨਾਂ ਉਮੀਦਵਾਰਾਂ ਨੂੰ ਨਵੇਂ ਸੈਂਟਰ ਵਿਚ ਤਾਇਨਾਤ ਕਰਨ ਲਈ ਵਿਚਾਰਿਆ ਜਾਵੇਗਾ ਜੇਕਰ ਉਹਨਾਂ ਵਲੋਂ ਪ੍ਰਾਪਤ ਸਕੂਲੋਂ ਵਿਰਵੇ ਬੱਚਿਆਂ ਸਬੰਧੀ ਵੇਰਵੇ ਪੜਤਾਲ ਤੋਂ ਬਾਅਦ ਠੀਕ ਪਾਏ ਜਾਂਦੇ ਹਨ।

**-ਸਹੀ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**